# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸਰਕਾਰੀ ਮੁੱਖ ਸੂਚਨਾ ਅਧਿਕਾਰੀ ਦਾ ਦਫ਼ਤਰ

ਸਰਕਾਰੀ ਮੁੱਖ ਸੂਚਨਾ ਅਧਿਕਾਰੀ (OGCIO) ਦਾ ਦਫ਼ਤਰ ਸੁਰੱਖਿਅਤ ਅਤੇ ਸੁਵਿਧਾਜਨਕ ਡਿਜੀਟਲ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਅਤੇ ਉਪਭੋਗਤਾ ਅਨੁਭਵ ਨੂੰ ਬਿਹਤਰ ਬਣਾਉਣ ਲਈ ਆਧੁਨਿਕਤਾ ਅਤੇ ਤਕਨਾਲੋਜੀ ਦੀ ਵਰਤੋਂ ਕਰਨ ਲਈ ਵਚਨਬੱਧ ਹੈ। ਯਕੀਨੀ ਤੌਰ 'ਤੇ OGCIO ਜਨਤਾ ਦੇ ਸਾਰੇ ਮੈਂਬਰਾਂ ਤੱਕ ਉਨ੍ਹਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਆਪਣੀਆਂ ਸੇਵਾਵਾਂ ਦੀ ਬਰਾਬਰ ਪਹੁੰਚ ਨੂੰ ਬਹੁਤ ਮਹੱਤਵ ਦਿੰਦਾ ਹੈ। ਇਸ ਸਬੰਧ ਵਿੱਚ, ਹੇਠ ਲਿਖੇ ਉਪਾਅ ਕੀਤੇ ਗਏ ਹਨ।

| | |
|---|---|
| ਸਬੰਧਤ ਸੇਵਾਵਾਂ | • GovHK (www.gov.hk) ਸਮਾਜ ਦੇ ਵੱਖ-ਵੱਖ ਖੇਤਰਾਂ ਦੇ ਉਪਭੋਗਤਾਵਾਂ ਨੂੰ ਸਰਕਾਰੀ ਜਾਣਕਾਰੀ ਅਤੇ ਔਨਲਾਈਨ ਸੇਵਾਵਾਂ ਲਈ ਗਾਹਕ-ਮੁਖੀ ਅਤੇ ਉਪਭੋਗਤਾ-ਅਨੁਕੂਲ ਪਲੇਟਫਾਰਮ ਪ੍ਰਦਾਨ ਕਰਦਾ ਹੈ।<br><br>• ਜਨਤਾ ਦੇ ਮੈਂਬਰ OGCIO ਦੀ ਵੈੱਬਸਾਈਟ 'ਤੇ ਜਾਂ ਈਮੇਲ ਰਾਹੀਂ ਜਾਂ ਟੈਲੀਫ਼ੋਨ ਰਾਹੀਂ OGCIO ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। |
| ਮੌਜੂਦਾ ਉਪਾਅ | • GovHK ਦੁਆਰਾ, ਵੱਖ ਵੱਖ ਨਸਲ ਦੇ ਲੋਕਾਂ ਨੂੰ ਉਹਨਾਂ ਲਈ ਪ੍ਰਦਾਨ ਕੀਤੀ ਜਾਣ ਵਾਲੀ ਲੋੜੀਂਦੀ ਜਾਣਕਾਰੀ ਅਤੇ ਸੇਵਾਵਾਂ ਲਈ ਬਿਊਰੋ ਅਤੇ ਵਿਭਾਗਾਂ (B/Ds) ਦੀਆਂ ਵਿਭਾਗੀ ਅਤੇ ਥੀਮੈਟਿਕ ਵੈਬਸਾਈਟਾਂ 'ਤੇ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ।<br><br>• ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਇੱਕ ਸਮਰਪਿਤ ਬਹੁ-ਭਾਸ਼ੀ ਪਲੇਟਫਾਰਮ (ਮਦਦ ਕਾਊਂਟਰ) ਦਸੰਬਰ 2010 ਵਿੱਚ GovHK 'ਤੇ ਸ਼ੁਰੂ ਕੀਤਾ ਗਿਆ ਹੈ। ਵੱਖ-ਵੱਖ B/Ds ਦੁਆਰਾ ਪ੍ਰਦਾਨ ਕੀਤੀ ਜ਼ਰੂਰੀ ਜਾਣਕਾਰੀ ਦੇ ਲਿੰਕ ਕੁੱਲ ਅੱਠ ਭਾਸ਼ਾਵਾਂ (ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ) ਵਿੱਚ ਉਪਲਬਧ ਹਨ। ਹਰੇਕ ਖਾਸ ਭਾਸ਼ਾ ਦੇ ਵੈਬਪੇਜ 'ਤੇ ਖੋਜ ਫੰਕਸ਼ਨ ਵੱਖ-ਵੱਖ ਨਸਲਾਂ ਦੇ ਉਪਭੋਗਤਾਵਾਂ ਨੂੰ ਜਾਣਕਾਰੀ ਵਧੇਰੇ ਆਸਾਨੀ ਨਾਲ ਲੱਭਣ ਦੇ ਯੋਗ ਬਣਾਉਂਦਾ ਹੈ।<br><br>• ਵਰਤਮਾਨ ਵਿੱਚ, 1823 GovHK ਲਈ ਹੈਲਪਡੈਸਕ (ਮਦਦ ਕਾਊਂਟਰ) ਸੇਵਾ ਪ੍ਰਦਾਨ ਕਰ ਰਿਹਾ ਹੈ, ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਫੋਨ ਕਾੱਲਾਂ ਅਤੇ ਈਮੇਲਾਂ ਨੂੰ ਘੱਟ ਗਿਣਤੀ ਲੋਕਾਂ ਦੀ ਤੱਰਕੀ ਅਤੇ ਵਾਧੇ ਲਈ ਕੇਂਦਰ (CHEER) ਨੂੰ ਅੱਗੇ ਭੇਜ ਸਕਦਾ ਹੈ। CHEER ਕਾੱਲ ਕਰਨ ਵਾਲਿਆਂ ਨਾਲ ਗੱਲਬਾਤ ਕਰੇਗਾ, ਅਤੇ ਜੇਕਰ ਲੋੜ ਹੋਵੇ, ਤਾਂ ਉਹਨਾਂ ਦੀ ਸਹਾਇਤਾ ਲਈ |

ਸੰਬੰਧਿਤ B/Ds ਕੋਲ ਭੇਜ ਦੇਵੇਗਾ।

- OGCIO ਬਾਰੇ ਜਾਣਕਾਰੀ OGCIO ਦੀ ਵੈੱਬਸਾਈਟ 'ਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਵਿੱਚ ਉਪਲਬਧ ਹੈ।

- ਜਿੱਥੇ ਲੋੜ ਅਤੇ ਉਚਿਤ ਹੋਵੇ, ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਅਸੀਂ ਲੋੜ ਪੈਣ 'ਤੇ ਬਹੁ-ਭਾਸ਼ਾਈ ਪਲੇਟਫਾਰਮ ਅਤੇ GovHK 'ਤੇ ਪ੍ਰਦਾਨ ਕੀਤੇ ਹਾਈਪਰਲਿੰਕਾਂ ਅਤੇ ਜਾਣਕਾਰੀ ਨੂੰ ਆਧੁਨਿਕ ਕਰਨ ਲਈ B/Ds ਨਾਲ ਕੰਮ ਕਰਾਂਗੇ।

- OGCIO ਮੌਜੂਦਾ ਉਪਾਵਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕਰੇਗਾ ਅਤੇ ਉਚਿਤ ਤੌਰ 'ਤੇ ਸੁਧਾਰ ਕਰੇਗਾ।

ਵਾਧੂ ਉਪਾਅ ਕੀਤੇ/ ਲਏ ਜਾਣੇ ਹਨ

- ਅਸੀਂ ਵੱਖ-ਵੱਖ ਨਸਲਾਂ ਦੇ ਲੋਕਾਂ ਨਾਲ ਸੰਬੰਧਿਤ ਹੋਰ ਸਮੱਗਰੀ ਨੂੰ GovHK ਨਾਲ ਜੋੜਨ ਲਈ B/Ds ਨਾਲ ਕੰਮ ਕਰਾਂਗੇ।

- ਸਟਾਫ਼ ਨੂੰ ਨਸਲੀ ਬਰਾਬਰਤਾ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇਗਾ।

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ ਸ਼੍ਰੀਮਾਨ Boris LEUNG (ਬੋਰਿਸ ਲਿਊਂਗ), ਸੀਨੀਅਰ ਕਾਰਜਕਾਰੀ ਅਧਿਕਾਰੀ (ਪ੍ਰਸ਼ਾਸਨ) 1 ਨਾਲ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰ. | : | 3847 7439 |
| ਫੈਕਸ ਨੰ. | : | 2802 4549 |
| ਈਮੇਲ | : | enquiry@ogcio.gov.hk |
| ਡਾਕ ਪਤਾ | : | 12/F, Treasury Building, No. 3 Tonkin Street West, Cheung Sha Wan, Kowloon |

**ਸਰਕਾਰੀ ਮੁੱਖ ਸੂਚਨਾ ਅਧਿਕਾਰੀ ਦਾ ਦਫ਼ਤਰ**
**ਜੂਨ 2023**